ਪੰਜਾਬ ਸਰਕਾਰ

ਸਿਹਤ ਤੇ ਪਰਿਵਾਰ ਭਲਾਈ ਵਿਭਾਗ

ਸੇਵਾ ਵਿਖੇ (ਸਿਹਤ-1 ਸ਼ਾਖਾ)

ਸਮੂਹ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ,
ਸਮੂਹ ਸਿਵਲ ਸਰਜਨ/ਮੈਡੀਕਲ ਸੁਪਰਡੰਟ, ਪੰਜਾਬ,
ਡਾਇਰੈਕਟਰ ਆਯੂਰਵੇਦਾ ਵਿਭਾਗ, ਪੰਜਾਬ,
ਮੁੱਖੀ ਹੋਮਿਓਪੈਥੀ ਵਿਭਾਗ, ਪੰਜਾਬ।

ਮੀਮੋ ਨੰ: 23/07/2020-2ਸਿ1/981
ਮਿਤੀ, ਚੰਡੀਗੜ੍ਹ: 27/03/2020

ਵਿਸ਼ਾ: ਨੋਵੇਲ ਕੋਰੋਨਾ ਵਾਇਰਸ COVID-19 ਦੇ ਫੈਸਲੇ ਦੇ ਹਾਲਾਤਾਂ ਦੇ ਸਨਮੁੱਖ ਪੰਜਾਬ ਸਿਵਲ ਸਰਵਿਸਿਜ਼ (ਫਸਟ ਅਮੈਂਡਮੈਂਟ) ਰੂਲਜ਼ ਵਾਲਿਯੂਮ-1, ਪਾਰਟ-1, 2020 ਵਿੱਚ ਵੰਨ ਟਾਇਮ ਛੋਟ ਦਿੰਦੇ ਹੋਏ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਵਿੱਚ ਕੰਮ ਕਰ ਰਹੇ ਡਾਕਟਰ ਅਤੇ ਪੈਰ੍ਹਾ ਮੈਡੀਕਲ ਸਟਾਫ ਨੂੰ 30 ਸਤੰਬਰ, 2020 ਤੱਕ ਐਕਸਟੈਂਸ਼ਨ ਦੇਣ ਬਾਰੇ।

****

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਪਿੱ.ਅੰ.ਨੰ. PS/SHFW/2020/176-182, Dated 14.03.2020 (ਕਾਪੀ ਨੱਥੀ) ਦੇ ਹਵਾਲੇ ਵਿੱਚ।

2. ਹਵਾਲਾ ਅਧੀਨ ਪੱਤਰ ਦੀ ਕਾਪੀ ਭੇਜਦੇ ਹੋਏ, ਇਸ ਨੋਟੀਫਿਕੇਸ਼ਨ ਦੇ ਸਨਮੁੱਖ ਹੇਠ ਅਨੁਸਾਰ ਹਦਾਇਤ ਕੀਤੀ ਜਾਂਦੀ ਹੈ:-

(ੳ) ਸਿਹਤ ਤੇ ਪਰਿਵਾਰ ਭਲਾਈ ਦੀ ਨੋਟੀਫਿਕੇਸ਼ਨ ਮਿਤੀ 14.03.2020 ਦੇ ਸਨਮੁੱਖ ਸਿਹਤ ਵਿਭਾਗ, ਪੰਜਾਬ ਦੇ ਸਾਰੇ ਅਦਾਰਿਆਂ ਵਿੱਚ ਕੰਮ ਕਰ ਰਹੇ ਡਾਕਟਰ ਅਤੇ ਪੈਰ੍ਹਾ ਮੈਡੀਕਲ ਸਟਾਫ ਜੋ ਕਿ 58 ਸਾਲਾਂ ਰਿਟਾਇਰਮੈਂਟ ਉਪਰੰਤ ਪਹਿਲੇ ਸਾਲ ਦੇ ਵਾਧੇ ਤੇ ਹੋਣ ਜਾਂ ਦੂਸਰੇ ਸਾਲ ਦੇ ਵਾਧੇ ਤੇ ਹੋਣ ਜਾਂ ਉਸ ਦੀ ਰਿਟਾਇਰਮੈਂਟ ਮਿਤੀ 30.09.2020 ਤੋਂ ਪਹਿਲਾਂ ਵੀ ਹੋਵੇ ਤਾਂ ਵੀ ਉਹ ਮਿਤੀ 30.09.2020 ਤੋਂ ਪਹਿਲਾਂ ਵੀ ਹੋਵੇ ਤਾਂ ਵੀ ਉਹ ਮਿਤੀ 30.09.2020 ਤੱਕ ਸਿਹਤ ਵਿਭਾਗ, ਪੰਜਾਬ ਵੱਲੋਂ ਦਿੱਤੀ ਐਕਸਟੈਂਸ਼ਨ ਵਿੱਚ ਸਰਕਾਰੀ ਸੇਵਾ ਵਿੱਚ ਕੰਮ ਕਰਦੇ ਰਹਿਣਗੇ। ਇਸ ਤੋਂ ਇਲਾਵਾ ਇਹ ਡਾਕਟਰ/ਪੈਰ੍ਹਾ ਮੈਡੀਕਲ ਸਟਾਫ ਐਕਸਟੈਂਸ਼ਨ ਦੌਰਾਨ ਕਿਸੇ ਵੀ ਪ੍ਰਮੋਸ਼ਨ ਅਤੇ ਵਾਧੂ ਵਿੱਤੀ ਲਾਭ ਦੇ ਪਾਤਰ ਨਹੀਂ ਹੋਣਗੇ। ਇਸ ਸਬੰਧੀ ਕਿਸੇ ਅਧਿਕਾਰੀ/ਕਰਮਚਾਰੀ ਦਾ ਕੇਸ ਸਰਕਾਰ ਨੂੰ ਨਾ ਭੇਜਿਆ ਜਾਵੇ।

(ਅ) ਇਸ ਤੋਂ ਇਲਾਵਾ ਕੰਮ ਕਰ ਰਹੇ ਡਾਕਟਰ ਅਤੇ ਪੈਰ੍ਹਾ ਮੈਡੀਕਲ ਸਟਾਫ ਇਸ ਸਮੇਂ ਦੌਰਾਨ ਸੇਵਾ ਨਿਵਰਤੀ ਲਈ ਅਪਲਾਈ ਨਹੀਂ ਕਰਨਗੇ। ਨਾ ਹੀ ਆਪ ਵੱਲੋਂ ਸੇਵਾ ਨਵਿਰਤੀ ਸਬੰਧੀ ਪ੍ਰਾਪਤ ਕੇਸ ਵਿਚਾਰਿਆ ਜਾਵੇਗਾ।

ਸੁਪਰਡੰਟ 27/3

ਮਿਤੀ, ਚੰਡੀਗੜ੍ਹ:

ਪਿੱਠ.ਅੰ.ਨੰ:23/07/2020-2ਸਿ1/

ਉਤਾਰਾ ਸੁਪਰਡੰਟ, ਸਿਹਤ-2, 3, 4, 5, 6 ਅਤੇ 7 ਸਾਖਾ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਡਾਕਟਰਾਂ ਅਤੇ ਪੈਰ੍ਹਾ ਮੈਡੀਕਲ ਸਟਾਫ ਦੇ ਵਾਧੇ ਸਬੰਧੀ ਕੋਈ ਵੀ ਮਿਸਲ ਅਲੱਗ ਤੌਰ ਤੇ ਪੁੱਟ-ਅਪ ਨਾ ਕੀਤੀ ਜਾਵੇ।

ਸੁਪਰਡੰਟ

Scanned with CamScanner